ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਨੰ: 2992 ਸ.1/ਕਾਲਜ
ਮਿਤੀ: 29/8/22

ਈ-ਮੇਲ

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਦੇ
ਪ੍ਰਿੰਸੀਪਲ/ਡਾਇਰੈਕਟਰ ਸਾਹਿਬਾਨ ਨੂੰ

ਵਿਸ਼ਾ : ਸੈਸ਼ਨ 2022-23 ਦੌਰਾਨ ਦਾਖਲਿਆਂ ਦੇ ਸਮੇਂ ਕਾਲਜਾਂ ਵਿਖੇ ਪ੍ਰਾਪਤ ਹੋਣ ਵਾਲੀ ਡਾਕ ਭੇਜੇ ਜਾਣ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਡੀਨ, ਕਾਲਜ ਵਿਕਾਸ ਕੌਂਸਲ ਵੱਲੋਂ ਹੋਏ ਆਦੇਸ਼ਾਂ ਅਨੁਸਾਰ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੌਜੂਦਾ ਸੈਸ਼ਨ 2022-23 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਦਾਖਲਿਆਂ ਦਾ ਕੰਮ-ਕਾਜ ਚੱਲ ਰਿਹਾ ਹੈ ਅਤੇ ਵੱਡੀ ਗਿਣਤੀ ਵਿੱਚ ਵੱਖ-ਵੱਖ ਕਿਸਮ ਦੀ ਡਾਕ, ਪੰਜਾਬੀ ਮੁੱਢਲਾ ਗਿਆਨ ਦੀ ਪ੍ਰਵਾਨਗੀ ਦੇ ਕੇਸ, ਡੈਫੀਸ਼ੈਂਟ ਪੇਪਰਾਂ ਦੀ ਜਾਣਕਾਰੀ ਦੇ ਕੇਸ ਅਤੇ ਦਾਖਲਿਆਂ ਸਬੰਧੀ ਹੋਰ ਜਨਰਲ ਡਾਕ ਕਾਲਜਾਂ ਵਿਖੇ ਪ੍ਰਾਪਤ ਹੋ ਰਹੀ ਹੈ, ਕਾਲਜਾਂ ਵੱਲੋਂ ਅਜਿਹੀ time bound ਡਾਕ ਦਾਖਲਿਆਂ ਦੇ ਪ੍ਰੋਸੈੱਸ ਦੇ ਨਾਲੋ-ਨਾਲ ਹੀ ਕਾਲਜ ਸੈਕਸ਼ਨ ਵਿਖੇ ਭੇਜੀ ਜਾਵੇ ਤਾਂ ਜੋ ਅਜਿਹੇ ਕੇਸਾਂ ਦਾ ਨਿਪਟਾਰਾ ਸਮੇਂ ਸਿਰ ਕੀਤਾ ਜਾ ਸਕੇ ਅਤੇ ਪੰਜਾਬੀ ਮੁੱਢਲਾ ਗਿਆਨ/ਡੈਫੀਸ਼ੈਂਟ ਪੇਪਰਾਂ ਦੇ ਕੇਸ ਭੇਜੇ ਜਾਣ ਸਬੰਧੀ ਨਿਰਧਾਰਤ ਕੀਤੀਆਂ ਮਿਤੀਆਂ ਦਾ ਧਿਆਨ ਰੱਖਿਆ ਜਾਵੇ ਤਾਂ ਜੋ ਬਾਅਦ ਵਿੱਚ ਜੁਰਮਾਨੇ ਆਦਿ ਦੀ ਸਥਿਤੀ ਤੋਂ ਬਚਿਆ ਜਾ ਸਕੇ।

ਨਿਗਰਾਨ (ਕਾਲਜਾਂ)